| ਲੜੀ ਨੰਬਰ | ਅਨਾਊਸਮੇਂਟ ਦਾ ਸਮਾਂ | ਅਨਾਊਸਮੇਂਟ ਦਾ ਵੇਰਵਾ |
|---|---|---|
| 1 | ਸ਼ਾਮ 7 ਵਜੇ ਤੋ ਰਾਤ 9 ਵਜੇ ਤੱਕ (ਪਬਲਿਕ ਅਨਾਊਸਮੇਂਟ ਵਾਲੀਆਂ ਸਰਕਾਰੀ ਗੱਡੀਆਂ ਅਤੇ ਧਾਰਮਿਕ ਅਸਥਾਨਾਂ ਤੋ) (Wednesday, April 01, 2020) | • ਆਪ ਕਪੂਰਥਲਾ ਵਾਸੀਆ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੱਲ ਸਵੇਰੇ 5:00 ਵਜੇ ਤੋ 8.00 ਵਜੇ ਤੱਕ ਕਰਫਿਊ ਵਿੱਚ ਢਿੱਲ ਦਿੱਤੀ ਜਾਵੇਗੀ।<br>• ਜਿਸ ਦੌਰਾਨ ਦੋਧੀ ਘਰੋ ਘਰੀ ਜਾ ਕੇ ਦੁੱਧ ਵੇਚ ਸਕਦੇ ਹਨ ਅਤੇ ਅਖਬਾਰਾਂ ਵੰਡਣ ਵਾਲੇ ਹਾਕਰ ਅਖਬਾਰਾਂ ਵੰਡਣਗੇ।<br>• ਇਸ ਦੌਰਾਨ ਡੇਅਰੀਆਂ, ਕੈਮਿਸਟਾਂ ਦੀਆਂ ਦਕਾਨਾਂ, ਖਾਦ ਅਤੇ ਕੀਟ ਨਾਸ਼ਕ ਦਵਾਈਆ ਦੀਆਂ ਦੁਕਾਨਾਂ ਵੀ ਕੱਲ ਸਵੇਰੇ 5 ਵਜੇ ਤੋ 8.00 ਵਜੇ ਤੱਕ ਖੁੱਲਣਗੀਆ।<br>• ਇਸਤੋ ਇਲਾਵਾ ਜਿੰਨਾ ਲੋਕਾਂ ਨੂੰ ਨਕਦੀ ਪੈਸੇ ਦੀ ਲੋੜ ਹੋਵੇ, ਉਹ ਵੀ ਕੱਲ ਸਵੇਰੇ 5 ਵਜੇ ਤੋ 8 ਵਜੇ ਤੱਕ ਸਵੇਰੇ ATM ਤੋ ਪੈਸੇ ਕਢਵਾ ਸਕਦੇ ਹਨ।<br>• ਬਾਅਦ ਦੁਪਹਿਰ 2-00 ਵਜੇ ਤੋ ਸ਼ਾਮ 6 ਵਜੇ ਤੱਕ ਕਰਿਆਨਾਂ, ਬੇਕਰੀ ਦੀ ਆਈਟਮਾਂ ਅਤੇ ਸਬਜੀ ਤੇ ਫਲਾਂ ਦੀ ਸਪਲਾਈ ਘਰੋ ਘਰੀ ਕੀਤੀ ਜਾਵੇਗੀ।<br>• ਸਮੂਹ ਕੰਬਾਇਨਾਂ ਕਟਾਈ ਦੇ ਸੀਜਨ ਦੌਰਾਨ ਪੂਰਾ ਦਿਨ ਖੇਤਾਂ ਵਿੱਚ ਚੱਲਣਗੀਆਂ। ਕੰਬਾਈਨਾਂ ਦੇ ਸਪੇਅਰ ਪਾਰਟ ਅਤੇ ਟਰੈਕਟਰਾਂ ਦੀ ਵਰਕਸ਼ਾਪਾਂ ਸਵੇਰੇ 5:00 ਵਜੇ ਤੋ 8:00 ਵਜੇ ਤੱਕ ਖੁਲਣਗੀਆਂ। ਕਿਸਾਨ ਵੀਰ ਆਪਣਾ ਟਰੈਕਟਰ ਇਸ ਸਮੇਂ ਦੌਰਾਨ ਰਿਪੇਅਰ ਲਈ ਵਰਕਸ਼ਾਪਾਂ ਤੇ ਛੱਡ ਸਕਦੇ ਹਨ ਅਤੇ ਰਿਪੇਅਰ ਉਪਰੰਤ ਆਪਣੇ ਟਰੈਕਟਰ ਦੀ ਡਲਿਵਰੀ ਸ਼ਾਮ 4:00 ਵਜੇ ਤੋਂ 6:00 ਵਜੇ ਤੱਕ ਵਰਕਸ਼ਾਪਾਂ ਤੋ ਲੈ ਸਕਦੇ ਹਨ।<br>• ਐਲ.ਪੀ.ਜੀ ਗੈਸ ਸਲੰਡਰਾਂ ਦੀ ਸਪਲਾਈ ਗੈਸ ਏਜੰਸੀਆਂ ਵੱਲੋਂ ਸਵੇਰੇ 10:00 ਵਜ਼ੇ ਤੋਂ ਸ਼ਾਮ 06:00 ਵਜ਼ੇ ਤੱਕ (08 ਘੰਟੇ) ਕੀਤੀ ਜਾਵੇਗੀ।<br>• ਲੋੜਵੰਦ ਗ੍ਰਾਹਕ ਆਪਣੇ ਫੋਨ ਰਾਹੀ ਆਪਣਾ ਆਰਡਰ ਕਰਿਆਨੇ ਅਤੇ ਸਬਜੀ ਵਾਲਿਆਂ, ਬੇਕਰੀਆਂ ਅਤੇ ਗੈਸ ਏਜ਼ਸੀਆਂ ਨੂੰ ਲਿਖਾ ਸਕਦੇ ਹਨ।<br>• ਸਮੂਹ ਆਟਾ ਚੱਕੀਆਂ ਸਾਰਾ ਦਿਨ ਖੁੱਲੀਆਂ ਰਹਿਣਗੀਆਂ। ਕਣਕ ਲੈਣ ਅਤੇ ਜਰੂਰਤਮੰਦ ਲੋਕਾਂ ਦੇ ਘਰਾਂ ਤੱਕ ਆਟੇ ਦੀ ਡਲਿਵਰੀ ਕਰਨ ਦਾ ਸਮਾਂ ਰੋਜਾਨਾ ਸਵੇਰੇ 5:00 ਵਜ਼ੇ ਤੋਂ 8:00 ਵਜ਼ੇ ਤੱਕ ਦਾ ਹੋਵੇਗਾ।<br>• ਇੱਟਾ ਦੇ ਭੱਠਾ ਮਾਲਕਾਂ (Brick Kiln Owners) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਭੱਠੇ ਪਹਿਲਾਂ ਵਾਗ ਖੁੱਲੇ ਰੱਖਣਗੇ। ਕਰਫਿਊ ਦੌਰਾਨ ਭੱਠੇ ਤੇ ਆਉਣ ਜਾਣ ਲਈ ਹਰੇਕ ਭੱਠਾ ਮਾਲਕ ਆਪਣਾ ਅਤੇ ਆਪਣੇ ਮੁੰਸ਼ੀ ਦਾ ਮੂਵਮੈਂਟ ਪਾਸ (Movement Pass or Curfew Pass) ਬਣਵਾ ਸਕਦੇ ਹਨ। |
| 2 | 7.30 ਸਵੇਰੇ ਤੋ 8.15 ਤੱਕ ਸਵੇਰੇ (Thursday, April 02, 2020) | • ਆਪ ਕਪੂਰਥਲਾ ਵਾਸੀਆ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ, ਸਵੇਰੇ 5 ਵਜੇ ਤੋ ਦਿੱਤੀ ਗਈ ਗਈ ਕਰਫਿਊ ਵਿੱਚ ਢਿੱਲ 8.00 ਵਜੇ ਤੱਕ ਦੀ ਸੀ।<br>• ਜ਼ੋ ਦੋਧੀ ਘਰੋ ਘਰੀ ਜਾ ਕੇ ਦੁੱਧ ਵੇਚ ਰਹੇ ਹਨ ਅਤੇ ਅਖਬਾਰਾਂ ਵੰਡਣ ਵਾਲੇ ਹਾਕਰਾਂ ਨੂੰ ਬੇਨਤੀ ਹੈ ਕਿ ਆਪਣਾ ਕੰਮ ਛੇਤੀ ਮੁਕੰਮਲ ਕਰਕੇ 8-00 ਵਜੇ ਤੋ ਪਹਿਲਾ ਪਹਿਲਾ ਆਪਣੇ ਆਪਣੇ ਘਰਾਂ ਨੂੰ ਵਾਪਿਸ ਚਲੇ ਜਾਣ।<br>• ਡੇਅਰੀਆਂ, ਕੈਮਿਸਟਾਂ ਦੀਆਂ ਦਕਾਨਾਂ, ਖਾਦਾਂ ਅਤੇ ਕੀਟ ਨਾਸ਼ਕ ਦਵਾਈਆ ਦੀਆਂ ਦੁਕਾਨਾਂ, 8-00 ਵਜੇ ਤੋ ਪਹਿਲਾ ਬੰਦ ਹੋਣ ਅਤੇ ਲੋਕਾਂ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਘਰਾਂ ਨੂੰ ਵਾਪਿਸ ਚਲੇ ਜਾਵੇ।<br>• ਬੇਨਤੀ ਹੈ ਕਿ ਹੁਣ ਅਗਲੀ ਢਿੱਲ 2-00 ਵਜੇ ਤੋ ਸ਼ਾਮ 6 ਵਜੇ ਤੱਕ ਹੋਵੇਗੀ ਜਿਸ ਦੌਰਾਨ ਕਰਿਆਨਾਂ, ਬੇਕਰੀ ਦੀ ਆਈਟਮਾਂ ਅਤੇ ਸਬਜੀ ਤੇ ਫਲਾਂ ਦੀ ਸਪਲਾਈ ਘਰੋ ਘਰੀ ਕੀਤੀ ਜਾਵੇਗੀ।<br>• ਲੋੜਵੰਦ ਗ੍ਰਾਹਕ ਆਪਣੇ ਫੋਨ ਰਾਹੀ ਆਪਣਾ ਆਰਡਰ ਕਰਿਆਨੇ ਅਤੇ ਸਬਜੀ ਵਾਲਿਆਂ, ਬੇਕਰੀਆਂ ਅਤੇ ਗੈਸ ਏਜ਼ਸੀਆਂ ਨੂੰ ਲਿਖਾ ਸਕਦੇ ਹਨ।<br>• ਐਲ.ਪੀ.ਜੀ ਗੈਸ ਸਲੰਡਰਾਂ ਦੀ ਸਪਲਾਈ ਗੈਸ ਏਜੰਸੀਆਂ ਵੱਲੋਂ ਸਵੇਰੇ 10:00 ਵਜ਼ੇ ਤੋਂ ਸ਼ਾਮ 06:00 ਵਜ਼ੇ ਤੱਕ (08 ਘੰਟੇ) ਕੀਤੀ ਜਾਵੇਗੀ। |
| 3 | ਸਵੇਰੇ 8 ਵਜੇ ਤੋ ਲੈ ਕੇ ਸਾਰਾ ਦਿਨ (Thursday, April 02, 2020) | • ਆਪ ਸਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਰਫਿਊ ਦੇ ਹੁਕਮਾਂ ਦੀ ਸਖਤ ਪਾਲਣਾ ਆਪਣੀ ਜੀਵਣ ਦੀ ਰੱਖਿਆ ਲਈ ਕੀਤੀ ਜਾਵੇ। ਆਪਣਾ, ਆਪਣੇ ਪ੍ਰੀਵਾਰ ਅਤੇ ਅਤੇ ਪੂਰੇ ਸਮਾਜ ਦੀ ਕਰੋਨਾਂ ਵਾਇਰਸ ਦੀ ਮਹਾਮਾਂਰੀ ਤੋ ਬਚਾ ਲਈ ਆਪਣੇ ਆਪਣੇ ਘਰਾਂ ਵਿੱਚ ਹੀ ਰਹਿਣ ਅਤੇ ਕਿਰਪਾ ਕਰਕੇ ਆਪਣੇ ਘਰਾਂ ਤੋ ਬਾਹਰ ਨਾ ਨਿਕਲਣ।<br>• ਕਰਫਿਊ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆ ਵਿਰੁੱਧ ਪੁਲਿਸ ਅਤੇ ਪ੍ਰਸ਼ਾਸ਼ਨ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ |

Scanned with CamScanner